Punjabi | ਪੰਜਾਬੀ

# ਆਪਣੇ ਤੂਫ਼ਾਨ ਦੇ ਖ਼ਤਰੇ ਨੂੰ ਜਾਣੋ



## ਤੂਫਾਨ ਵੱਖ-ਵੱਖ ਤਰ੍ਹਾਂ ਦੇ ਖ਼ਤਰੇ ਪੈਦਾ ਕਰਦੇ ਹਨ

- ਬੱਦਲਾਂ ਦੀ ਗਰਜ ਅਤੇ ਅਸਮਾਨੀ ਬਿਜਲੀ
- ਨੁਕਸਾਨ ਪਹੁੰਚਾਉਣ ਵਾਲੀਆਂ ਹਨੇਰੀਆਂ
- ਤੇਜ਼, ਭਾਰੀ ਬਾਰਸ਼
- ਅਚਾਨਕ ਹੜ੍ਹ
- ਵੱਡੀਆਂ ਸ਼ਕਤੀਸ਼ਾਲੀ ਲਹਿਰਾਂ, ਸਮੁੰਦਰੀ ਲਹਿਰਾਂ ਦਾ ਉੱਚਾ ਉੱਠਣਾ, ਅਤੇ ਤੱਟਵਰਤੀ ਖੋਰ
- ਗੜੇ

## ਤੂਫ਼ਾਨ ਵੱਡਾ ਨੁਕਸਾਨ ਕਰ ਸਕਦੇ ਹਨ



ਘਰਾਂ, ਕਾਰਾਂ ਅਤੇ ਹੋਰ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ



ਰੁੱਖਾਂ, ਟਾਹਣੀਆਂ ਅਤੇ ਬਿਜਲੀ ਦੀਆਂ ਤਾਰਾਂ ਦੇ ਡਿੱਗਣ ਦਾ ਕਾਰਨ ਬਣਦੇ ਹਨ



ਸੜਕਾਂ ਅਤੇ ਜਾਇਦਾਦਾਂ, ਨੀਵੇਂ ਇਲਾਕਿਆਂ, ਕੰਢਿਆਂ 'ਤੇ ਬਣੇ ਰਸਤਿਆਂ ਅਤੇ ਨਦੀਆਂ-ਨਾਲਿਆਂ ਵਿੱਚ ਹੜ੍ਹ ਆਉਣ ਦਾ ਕਾਰਨ ਬਣ ਸਕਦੇ ਹਨ



ਤੱਟਵਰਤੀ ਖੇਤਰਾਂ ਨੂੰ ਨੁਕਸਾਨ ਅਤੇ ਹੜ੍ਹਾਂ ਦਾ ਕਾਰਨ ਬਣਦੇ ਹਨ



ਬਿਜਲੀ, ਗੈਸ, ਸੰਚਾਰ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਤੱਕ ਬੰਦ ਹੋਣ ਦਾ ਕਾਰਨ ਬਣ ਸਕਦੇ ਹਨ

## ਤੂਫ਼ਾਨਾਂ ਲਈ ਤਿਆਰੀ ਕਰੋ

ਉਹਨਾਂ ਖੇਤਰਾਂ ਵਾਸਤੇ ਜਿੰਨ੍ਹਾਂ ਵਿੱਚ ਤੁਸੀਂ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਜਾਂਦੇ ਹੋ, ਆਪਣੀਆਂ ਮੋਬਾਈਲ ਡਿਵਾਈਸਾਂ 'ਤੇ **ਹੈਜ਼ਰਡਜ਼ ਨੀਅਰ ਮੀ (Hazards Near Me)** ਐਪ ਨੂੰ ਡਾਊਨਲੋਡ ਕਰੋ ਅਤੇ **ਚੌਕਸੀ ਵਾਲੇ ਖ਼ੇਤਰ (ਵਾਚ ਜ਼ੋਨ)** ਬਣਾਓ।

ਆਪਣੇ ਪਰਨਾਲੇ, ਵਿਹੜੇ, ਬਾਲਕੋਨੀ ਅਤੇ ਛੱਤ ਨੂੰ ਸਾਫ਼-ਸੁਥਰਾ ਅਤੇ ਚੰਗੀ ਮੁਰੰਮਤ ਵਾਲੀ ਹਾਲਤ ਵਿੱਚ ਰੱਖੋ।

ਯਕੀਨੀ ਬਣਾਓ ਕਿ ਤੁਹਾਡੇ ਕੋਲਸਹੀ ਬੀਮਾ ਹੈ।



ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES NSWSES NSWSES